Australian Government

# ਰਕਸ਼ਾ ਬੰਧਨ (ਰੱਖੜੀ)
## ਜੈਵ-ਸੁਰੱਖਿਆ (ਬਾਇਓ-ਸਕਿਊਰਿਟੀ)

ਮਈ 2024




## ਮਹੱਤਵਪੂਰਨ ਜੈਵ-ਸੁਰੱਖਿਆ ਜਾਣਕਾਰੀ

ਵਿਦੇਸ਼ਾਂ ਤੋਂ ਆਏ ਭੋਜਨ, ਪੌਦਿਆਂ ਤੋਂ ਬਣਿਆ ਚੀਜ਼ਾਂ-ਵਸਤਾਂ ਅਤੇ ਜਾਨਵਰਾਂ ਤੋਂ ਬਣੇ ਉਤਪਾਦ ਆਸਟ੍ਰੇਲੀਆ ਵਿੱਚ ਦੁਨੀਆ ਦੇ ਸਭ ਤੋਂ ਵੱਧ ਨੁਕਸਾਨਦੇਹ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਨੂੰ ਦਾਖ਼ਲ ਕਰ ਸਕਦੇ ਹਨ। ਇਹ ਸਾਡੇ ਵਿਲੱਖਣ ਵਾਤਾਵਰਣ ਅਤੇ ਬਹੁਮੁੱਲੇ ਖੇਤੀਬਾੜੀ ਅਤੇ ਸੈਰ-ਸਪਾਟਾ ਉਦਯੋਗਾਂ ਨੂੰ ਤਬਾਹ ਕਰ ਸਕਦਾ ਹੈ।

ਜੇਕਰ ਤੁਸੀਂ ਵਿਦੇਸ਼ ਤੋਂ ਆ ਰਹੇ ਹੋ ਜਾਂ ਤੁਹਾਡੇ ਕੋਲ ਵਿਦੇਸ਼ ਤੋਂ ਮਹਿਮਾਨ ਆ ਰਹੇ ਹਨ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ, ਤੁਹਾਡਾ ਪਰਿਵਾਰ ਅਤੇ ਮਹਿਮਾਨ ਆਸਟ੍ਰੇਲੀਆ ਦੇ ਸਖ਼ਤ ਜੈਵ-ਸੁਰੱਖਿਆ ਕਾਨੂੰਨਾਂ ਤੋਂ ਜਾਣੂ ਹੋਵੋ।

ਜੇਕਰ ਤੁਸੀਂ ਡਾਕ ਰਾਹੀਂ ਰੱਖੜੀ ਦੇ ਤੋਹਫ਼ੇ ਮਿਲਣ ਦੀ ਉਮੀਦ ਕਰ ਰਹੇ ਹੋ, ਤਾਂ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਤੋਹਫ਼ਿਆਂ ਨੂੰ ਡਾਕ ਰਾਹੀਂ ਭੇਜਣ ਤੋਂ ਪਹਿਲਾਂ ਇਹ ਪਤਾ ਕਰਨ ਲਈ ਕਹੋ ਕਿ ਕੀ ਉਹਨਾਂ ਉਤਪਾਦਾਂ ਨੂੰ ਆਸਟ੍ਰੇਲੀਆ ਵਿੱਚ ਆਉਣ ਦੀ ਆਗਿਆ ਹੈ ਜਾਂ ਨਹੀਂ। ਡਾਕ ਰਾਹੀਂ ਭੇਜੀਆਂ ਜਾਣ ਵਾਲੀਆਂ ਚੀਜ਼ਾਂ 'ਤੇ ਲੱਗੇ ਡਾਕ ਘੋਸ਼ਣਾ ਲੇਬਲ 'ਤੇ ਸਾਰੀਆਂ ਭੇਜੀਆਂ ਜਾ ਰਹੀਆਂ ਚੀਜ਼ਾਂ ਦੀ ਸਹੀ ਸੂਚੀ ਲੱਗੀ ਹੋਣੀ ਲਾਜ਼ਮੀ ਹੈ, ਤਾਂ ਜੋ ਬਾਰਡਰ 'ਤੇ ਉਹਨਾਂ ਦਾ ਮੁਲਾਂਕਣ ਕੀਤਾ ਜਾ ਸਕੇ।

## ਅਸੀਂ ਜੈਵ-ਸੁਰੱਖਿਆ ਜ਼ੋਖਮ ਵਾਲੀਆਂ ਵਸਤਾਂ ਨੂੰ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਤੋਂ ਕਿਵੇਂ ਰੋਕਦੇ ਹਾਂ?

ਬੈਗ ਅਤੇ ਅੰਤਰਰਾਸ਼ਟਰੀ ਡਾਕ ਰਾਹੀਂ ਭੇਜੀਆਂ ਜਾਣ ਵਾਲੀਆਂ ਚੀਜ਼ਾਂ ਦਾ ਮੁਲਾਂਕਣ ਉਨ੍ਹਾਂ ਚੀਜ਼ਾਂ ਦੀ ਪਛਾਣ ਕਰਨ ਲਈ ਕੀਤਾ ਜਾਂਦਾ ਹੈ ਜੋ ਆਸਟ੍ਰੇਲੀਆ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਲਿਆ ਸਕਦੀਆਂ ਹਨ। ਇਸ ਵਿੱਚ ਜੈਵ ਸੁਰੱਖਿਆ ਅਧਿਕਾਰੀਆਂ ਦੁਆਰਾ ਯਾਤਰੀਆਂ ਦੀ ਪੁੱਛਗਿੱਛ ਕਰਨਾ, ਜਾਂ ਚੀਜ਼ਾਂ ਦੀ ਐਕਸ-ਰੇ ਰਾਹੀਂ ਸਕੈਨਿੰਗ ਕਰਨਾ, ਖੋਜੀ ਕੁੱਤਿਆਂ ਅਤੇ/ਜਾਂ ਹੱਥੀਂ ਮੁਆਇਨਾ ਕਰਦੇ ਹੋਏ ਸਾਮਾਨ ਦੀ ਜਾਂਚ ਕਰਨਾ ਸ਼ਾਮਲ ਹੋ ਸਕਦਾ ਹੈ।

## ਉਤਪਾਦ ਜੋ ਜੈਵ-ਸੁਰੱਖਿਆ ਜ਼ੋਖਮ ਪੇਸ਼ ਕਰਦੇ ਹਨ

ਜਿਹੜੇ ਰੱਖੜੀ ਦੇ ਤੋਹਫ਼ੇ ਜੈਵ-ਸੁਰੱਖਿਆ ਜ਼ੋਖਮ ਪੈਦਾ ਕਰ ਸਕਦੇ ਹਨ, ਉਹਨਾਂ ਵਿੱਚ ਸ਼ਾਮਲ ਹਨ:

- ਬੀਜਾਂ ਜਾਂ ਫੁੱਲਾਂ ਨਾਲ ਬਣੀਆਂ ਰੱਖੜੀਆਂ
- ਰਵਾਇਤੀ ਭਾਰਤੀ ਮਿਠਾਈਆਂ ਜਿਸ ਵਿੱਚ ਦੁੱਧ ਹੁੰਦਾ ਹੈ, ਜਿਵੇਂ ਬਰਫੀ, ਮੈਸੂਰ ਪਾਕ, ਗੁਲਾਬ ਜਾਮੁਨ, ਰਸਗੁੱਲਾ, ਪੇੜੇ ਜਾਂ ਸੋਨ-ਪਾਪੜੀ
- ਬਿਸਕੁਟ, ਕੇਕ ਅਤੇ ਬਰੈੱਡ ਜਿਨ੍ਹਾਂ ਨੂੰ ਫਰਿੱਜ ਵਿੱਚ ਰੱਖੇ ਜਾਣ ਦੀ ਲੋੜ ਹੁੰਦੀ ਹੈ
- ਮੇਵੇ
- ਚਾਹ ਅਤੇ ਜੜ੍ਹੀਆਂ-ਬੂਟੀਆਂ
- ਅਨਾਜ ਅਤੇ ਦਾਲਾਂ ਜਿਸ ਵਿੱਚ ਚਾਵਲ, ਕਣਕ, ਦਾਲਾਂ, ਛੋਲੇ ਅਤੇ ਫਲੀਆਂ ਸ਼ਾਮਲ ਹਨ।





## ਆਸਟ੍ਰੇਲੀਆ ਨੂੰ ਕੀੜਿਆਂ-ਮਕੌੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਵਿੱਚ ਸਹਾਇਤਾ ਕਰੋ

- ਆਪਣੇ ਰੱਖੜੀ ਦੇ ਤੋਹਫ਼ੇ ਆਸਟ੍ਰੇਲੀਆ ਵਿੱਚੋਂ ਹੀ ਖ਼ਰੀਦੋ।
- ਕਿਸੇ ਉਤਪਾਦ ਨੂੰ ਆਸਟ੍ਰੇਲੀਆ ਲਿਆਉਣ ਜਾਂ ਡਾਕ ਰਾਹੀਂ ਭੇਜਣ ਤੋਂ ਪਹਿਲਾਂ, agriculture.gov.au/mailing-bringing-goods 'ਤੇ ਜਾ ਕੇ ਪਤਾ ਕਰੋ ਕਿ ਕੀ ਉਸ ਉਤਪਾਦ ਨੂੰ ਆਸਟ੍ਰੇਲੀਆ ਵਿੱਚ ਆਉਣ ਦੀ ਆਗਿਆ ਹੈ ਜਾਂ ਨਹੀਂ।
- ਆਪਣੇ ਵਿਦੇਸ਼ਾਂ ਵਿੱਚ ਰਹਿੰਦੇ ਪਰਿਵਾਰ ਅਤੇ ਦੋਸਤਾਂ ਨੂੰ ਇਹ ਪਤਾ ਕਰਨ ਲਈ ਕਹੋ ਕਿ ਜਿਹੜੇ ਤੋਹਫ਼ੇ ਉਹ ਆਸਟ੍ਰੇਲੀਆ ਲਿਆਉਣਾ ਜਾਂ ਡਾਕ ਰਾਹੀਂ ਭੇਜਣਾ ਚਾਹੁੰਦੇ ਹਨ, ਕੀ ਉਹਨਾਂ ਦੀ ਆਸਟ੍ਰੇਲੀਆ ਵਿੱਚ ਲਿਆਉਣ ਦੀ ਆਗਿਆ ਹੈ ਜਾਂ ਨਹੀਂ।

## ਆਸਟ੍ਰੇਲੀਆ ਆਉਣਾ

ਆਸਟ੍ਰੇਲੀਆ ਆਉਂਦੇ ਸਮੇਂ ਤੁਹਾਨੂੰ ਲਾਜ਼ਮੀ ਤੌਰ 'ਤੇ:

- ਜੇਕਰ ਤੁਸੀਂ ਭੋਜਨ, ਪੌਦਿਆਂ ਤੋਂ ਬਣੀਆਂ ਚੀਜ਼ਾਂ-ਵਸਤਾਂ ਜਾਂ ਜਾਨਵਰਾਂ ਤੋਂ ਬਣੇ ਉਤਪਾਦ ਲੈ ਕੇ ਜਾ ਰਹੇ ਹੋ ਤਾਂ ਆਪਣੇ 'ਆਗਮਨ ਯਾਤਰੀ ਕਾਰਡ' (Incoming Passenger Card) 'ਤੇ ਸੱਚਾਈ ਨਾਲ ਘੋਸ਼ਣਾ ਕਰਨੀ ਚਾਹੀਦੀ ਹੈ। ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣਾ ਇੱਕ ਗੰਭੀਰ ਅਪਰਾਧ ਹੈ। ਚੀਜ਼ਾਂ ਦੀ ਘੋਸ਼ਣਾ ਨਾ ਕਰਨ ਦੇ ਨਤੀਜੇ ਵਜੋਂ ਗੰਭੀਰ ਜ਼ੁਰਮਾਨੇ ਹੋ ਸਕਦੇ ਹਨ।
- ਤੁਹਾਡੇ ਵੱਲੋਂ ਲਿਜਾਏ ਜਾ ਰਹੇ ਕਿਸੇ ਵੀ ਭੋਜਨ, ਪੌਦਿਆਂ ਤੋਂ ਬਣੀਆਂ ਚੀਜ਼ਾਂ ਜਾਂ ਜਾਨਵਰਾਂ ਤੋਂ ਬਣੇ ਉਤਪਾਦਾਂ ਲਈ "ਹਾਂ" ਦਾ ਨਿਸ਼ਾਨ ਲਗਾਓ।

ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ, ਤਾਂ ਬਾਇਓ-ਸਕਿਊਰਿਟੀ ਅਫ਼ਸਰ ਨਾਲ ਗੱਲ ਕਰਨ ਲਈ ਆਪਣੇ 'ਆਗਮਨ ਯਾਤਰੀ ਕਾਰਡ' (Incoming Passenger Card) 'ਤੇ "ਹਾਂ" ਦਾ ਨਿਸ਼ਾਨ ਲਗਾਓ।

ਤੁਹਾਨੂੰ ਤੋਹਫ਼ਿਆਂ ਸਮੇਤ ਘੋਸ਼ਿਤ ਕੀਤੇ ਜਾਣ ਵਾਲੇ ਹਰੇਕ ਉਸ ਉਤਪਾਦ ਨੂੰ, ਆਪਣੇ ਬੈਗ ਦੇ ਬਿਲਕੁਲ ਉੱਪਰ ਬਾਇਓ-ਸਕਿਊਰਿਟੀ ਅਫ਼ਸਰ ਦੁਆਰਾ ਨਿਰੀਖਣ ਕੀਤੇ ਜਾਣ ਲਈ ਤਿਆਰ-ਬਰ-ਤਿਆਰ ਹੋਣ ਲਈ ਪੈਕ ਕਰਨਾ ਚਾਹੀਦਾ ਹੈ।

ਘੋਸ਼ਿਤ ਕੀਤੀਆਂ ਵਸਤੂਆਂ ਦਾ ਇਲਾਜ ਕਰਨ ਜਾਂ ਵਾਪਸ ਭੇਜੇ ਜਾਣ (ਤੁਹਾਡੇ ਖ਼ਰਚੇ 'ਤੇ), ਜਾਂ ਨਸ਼ਟ ਕਰਨ ਦੀ ਲੋੜ ਹੋ ਸਕਦੀ ਹੈ। ਜਿਹੜੀਆਂ ਵਸਤੂਆਂ ਜੈਵ-ਸੁਰੱਖਿਆ ਖ਼ਤਰੇ ਪੈਦਾ ਨਹੀਂ ਕਰਦੀਆਂ ਹਨ, ਉਹ ਤੁਹਾਨੂੰ ਵਾਪਸ ਕਰ ਦਿੱਤੀਆਂ ਜਾਣਗੀਆਂ।

ਜੇਕਰ ਤੁਸੀਂ ਕਿਸੇ ਬਾਇਓਸਕਿਊਰਿਟੀ ਅਫ਼ਸਰ ਨੂੰ ਜਾਂ ਆਪਣੇ ਆਗਮਨ ਯਾਤਰੀ ਕਾਰਡ 'ਤੇ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦਿੰਦੇ ਹੋ, ਜਾਂ ਜੇਕਰ ਤੁਸੀਂ ਸਮਾਨ ਬਾਰੇ ਸਵਾਲਾਂ ਦੇ ਜਵਾਬ ਦੇਣ ਵਿੱਚ ਅਸਫ਼ਲ ਰਹਿੰਦੇ ਹੋ ਜਾਂ ਕਿਸੇ ਬਾਇਓਸਕਿਊਰਿਟੀ ਅਫ਼ਸਰ ਦੁਆਰਾ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦੇ ਹੋ, ਤਾਂ:

- ਤੁਹਾਨੂੰ ਉਲੰਘਣਾ ਜ਼ੁਰਮਾਨਾ ਨੋਟਿਸ ਦਿੱਤਾ ਜਾ ਸਕਦਾ ਹੈ।
- ਤੁਸੀਂ ਸਿਵਲ ਜ਼ੁਰਮਾਨੇ ਕੀਤੇ ਜਾਣ ਦੀ ਕਾਰਵਾਈ ਦੇ ਅਧੀਨ ਹੋ ਸਕਦੇ ਹੋ, ਅਤੇ/ ਜਾਂ
- ਤੁਹਾਡੇ 'ਤੇ ਅਪਰਾਧਿਕ ਅਪਰਾਧ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਤੁਹਾਡਾ ਵੀਜ਼ਾ ਵੀ ਰੱਦ ਕੀਤਾ ਜਾ ਸਕਦਾ ਹੈ, ਅਤੇ ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਆਸਟ੍ਰੇਲੀਆ ਵਿੱਚ ਦਾਖ਼ਲ ਹੋਣ ਤੋਂ ਮਨ੍ਹਾਂ ਕਰ ਦਿੱਤਾ ਜਾਵੇਗਾ ਅਤੇ ਹੋ ਸਕਦਾ ਹੈ ਕਿ ਤੁਸੀਂ ਤਿੰਨ ਸਾਲਾਂ ਤੱਕ ਆਸਟ੍ਰੇਲੀਆ ਵਾਪਸ ਆਉਣ ਯੋਗ ਨਾ ਹੋਵੋ। ਜੇਕਰ ਤੁਸੀਂ ਸਾਰੀਆਂ ਚੀਜ਼ਾਂ ਦਾ ਐਲਾਨ ਕਰਦੇ ਹੋ ਅਤੇ ਦਿਖਾਉਂਦੇ ਹੋ, ਭਾਵੇਂ ਉਹਨਾਂ ਦੀ ਆਸਟ੍ਰੇਲੀਆ ਵਿੱਚ ਲਿਆਉਣ ਦੀ ਆਗਿਆ ਨਾ ਵੀ ਹੋਵੇ ਤਾਂ ਤੁਹਾਨੂੰ *ਬਾਇਓ-ਸਕਿਊਰਿਟੀ ਐਕਟ 2015* ਦੇ ਤਹਿਤ ਜ਼ੁਰਮਾਨਾ ਨਹੀਂ ਲਗਾਇਆ ਜਾਵੇਗਾ।

ਫ਼ੋਨ 1800 900 090 'ਤੇ ਜਾਂ
(ਆਸਟ੍ਰੇਲੀਆ ਤੋਂ ਬਾਹਰੋਂ) +61 3 8318 6700 'ਤੇ

ਵਧੇਰੇ ਜਾਣਕਾਰੀ ਲਈ
agriculture.gov.au/travelling-mailing

**ਫੇਸਬੁੱਕ:** Australian Biosecurity
**ਇੰਸਟਾਗ੍ਰਾਮ:** @australianbiosecurity

BIO078.0524